BC Centre for Disease Control
Provincial Health Services Authority

Provincial Tuberculosis Services

Main Switchboard 604 707 2692
TB Services Fax 604 707 2690

www.bccdc.ca

# ਰਿਫ਼ੈਂਪਿਨ
## RIFAMPIN

ਰਿਫ਼ੈਂਪਿਨ (Rifampin) ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਸ ਨੂੰ ਟੀ.ਬੀ. (ਤਪਦਿਕ) ਅਤੇ ਹੋਰਨਾਂ ਸੰਬੰਧਤ ਇਨਫ਼ੈਕਸ਼ਨਾਂ ਦੀ ਰੋਕਥਾਮ ਅਤੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਹੈ।

**ਮੈਨੂੰ ਇਹ ਦਵਾਈ ਕਦੋਂ ਲੈਣੀ ਚਾਹੀਦੀ ਹੈ? (When should I take this?)**
- ਇਸ ਨੂੰ ਖ਼ਾਲੀ ਪੇਟ ਲਓ, ਖਾਣਾ ਖਾਣ ਤੋਂ 1 ਘੰਟਾ ਪਹਿਲਾਂ ਜਾਂ 2 ਘੰਟੇ ਬਾਅਦ
- ਇਹ ਦਵਾਈ ਹਰ ਰੋਜ਼ ਇੱਕੋ ਸਮੇਂ ’ਤੇ ਲਓ। ਅਜਿਹਾ ਕਰਨ ਨਾਲ ਤੁਹਾਨੂੰ ਦਵਾਈ ਲੈਣੀ ਯਾਦ ਰਹੇਗੀ।

**ਮੈਨੂੰ ਇਹ ਦਵਾਈ ਕਿਵੇਂ ਲੈਣੀ ਚਾਹੀਦੀ ਹੈ? (How should I take this?)**
- ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਇਸ ਦਵਾਈ ਨੂੰ ਨੇਮਬੱਧ ਢੰਗ ਨਾਲ ਲਓ।
- ਆਪਣੇ ਡਾਕਟਰ ਦੇ ਨਿਰਦੇਸ਼ ਅਨੁਸਾਰ ਦਵਾਈ ਲਓ।

**ਜੇ ਮੈਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ? (What should I do if I miss a dose?)**
- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਲੈਣੀ ਭੁੱਲ ਜਾਂਦੇ ਹੋ ਤਾਂ ਯਾਦ ਆਉਣ ’ਤੇ ਤੁਰੰਤ ਉਹ ਖ਼ੁਰਾਕ ਲੈ ਲਓ। ਪਰ ਜੇ ਅਗਲੇ ਦਿਨ ਦੀ ਖ਼ੁਰਾਕ ਦਾ ਸਮਾਂ ਹੋਣ ਵਾਲਾ ਹੈ ਤਾਂ ਭੁੱਲੀ ਹੀ ਖ਼ੁਰਾਕ ਨੂੰ ਨਾ ਲਓ।
- **ਦੁੱਗਣੀ ਖ਼ੁਰਾਕ ਨਾ ਲਓ।**

**ਇਹ ਦਵਾਈ ਲੈਂਦੇ ਹੋਏ ਕੀ ਮੈਨੂੰ ਕੋਈ ਪਰਹੇਜ਼ ਕਰਨਾ ਚਾਹੀਦਾ ਹੈ? (Is there anything I should avoid when taking this?)**
- ਸ਼ਰਾਬ

ਜੇਕਰ ਤੁਸੀਂ ਕਾਊਂਟਰ ਤੋਂ ਮਿਲਣ ਵਾਲੇ ਪ੍ਰੌਡੱਕਟਾਂ (ਜਿਨ੍ਹਾਂ ਲਈ ਡਾਕਟਰੀ ਨਿਰਦੇਸ਼ ਦੀ ਲੋੜ ਨਹੀਂ ਹੁੰਦੀ) ਸਮੇਤ **ਕੋਈ ਹੋਰ ਦਵਾਈਆਂ ਲੈ ਰਹੇ ਹੋ** ਤਾਂ **ਰਿਫ਼ੈਂਪਿਨ** ਲੈਣ ਤੋਂ ਪਹਿਲਾਂ ਆਪਣੇ ਡਾਕਟਰ, ਨਰਸ ਜਾਂ ਫ਼ਾਰਮਾਸਿਸਟ (ਦਵਾਸਾਜ) ਨੂੰ ਦੱਸੋ। ਡਾਕਟਰ ਜਾਂ ਫ਼ਾਰਮਾਸਿਸਟ ਦੀ ਸਲਾਹ ਤੋਂ ਬਗ਼ੈਰ ਕੋਈ ਨਵੀਂ ਦਵਾਈ ਲੈਣੀ ਸ਼ੁਰੂ ਨਾ ਕਰੋ।

**ਕੁਝ ਸੰਭਾਵੀ ਮਾੜੇ ਪ੍ਰਭਾਵ ਕੀ ਹਨ? (What are some possible side effects?)**
- ਜੀਅ ਕੱਚਾ ਹੋਣਾ, ਕਾਲ਼ਜੇ ਵਿੱਚ ਸਾੜ ਪੈਣੇ
- ਚੱਕਰ ਆਉਣੇ ਜਾਂ ਸਿਰ ਦਰਦ ਹੋਣਾ



Provincial Health Services Authority
Province-wide solutions. Better health.

Punjabi

ACCREDITED • AGRÉÉ • CCHSA • CCASS

*A research and teaching centre affiliated with UBC*

# ਰਿਫ਼ੈਂਪਿਨ (ਚਲਦਾ)
**RIFAMPIN** (cont'd)

**ਸਾਵਧਾਨ (Caution): ਜੇਕਰ ਤੁਹਾਨੂੰ ਹੇਠ ਲਿਖੇ ਲੱਛਣਾਂ ਦਾ ਅਨੁਭਵ ਹੋਵੇ ਤਾਂ ਤੁਰੰਤ ਆਪਣੇ ਡਾਕਟਰ ਨੂੰ ਫ਼ੋਨ ਕਰੋ:**
- ਅਸਾਧਾਰਣ ਥਕਾਵਟ ਜਾਂ ਕਮਜ਼ੋਰੀ
- ਬੁਖ਼ਾਰ
- ਭੁੱਖ ਨਾ ਲੱਗਣੀ
- ਜੀਅ ਕੱਚਾ ਹੋਣਾ (ਉਲਟੀ ਆਉਣ ਦਾ ਅਹਿਸਾਸ ਹੋਣਾ)
- ਪੇਟ ਖ਼ਰਾਬ ਹੋਣਾ ਜਾਂ ਦਸਤ ਲੱਗਣੇ
- ਗੂੜ੍ਹੇ ਰੰਗ ਦਾ ਪਿਸ਼ਾਬ
- ਚਮੜੀ ਜਾਂ ਅੱਖਾਂ ਦੇ ਚਿੱਟੇ ਹਿੱਸੇ ਦਾ ਪੀਲਾਪਨ
- ਜੀਭ ਉੱਪਰ ਜਾਂ ਮੂੰਹ ਵਿੱਚ ਛਾਲੇ
- ਚਮੜੀ ਉੱਪਰ ਰਗੜਾਂ ਲੱਗਣੀਆਂ
- ਧੱਫੜ
- ਜਾਰੀ ਰਹਿਣ ਵਾਲੇ ਕੋਈ ਵੀ ਹੋਰ ਮਾੜੇ ਪ੍ਰਭਾਵ

**ਉੱਪਰ ਲਿਖੇ ਲੱਛਣਾਂ ਤੋਂ ਇਲਾਵਾ ਜੇ ਕੋਈ ਹੋਰ ਅਸਾਧਾਰਣ ਲੱਛਣ ਮਹਿਸੂਸ ਹੋਵੇ ਤਾਂ ਆਪਣੇ ਡਾਕਟਰ ਨੂੰ ਦੱਸੋ।**

ਇਸ ਦਵਾਈ ਕਾਰਣ ਤੁਹਾਡੇ ਹੰਝੂਆਂ, ਦੰਦਾਂ, ਥੁੱਕ, ਬਲ਼ਗਮ, ਪਸੀਨੇ, ਪਿਸ਼ਾਬ ਅਤੇ ਟੱਟੀ ਦਾ **ਰੰਗ ਲਾਲ–ਸੰਤਰੀ** ਹੋ ਸਕਦਾ ਹੈ। ਇਸ ਦਾ ਕੋਈ ਨੁਕਸਾਨ ਨਹੀਂ ਹੁੰਦਾ ਪਰ ਇਸ ਕਾਰਣ ਨਰਮ ਕੌਂਟੈਕਟ ਲੈਨਜ਼ਿਜ਼ ਉੱਪਰ ਪੱਕੇ ਧੱਬੇ ਪੈ ਸਕਦੇ ਹਨ।

ਰਿਫ਼ਾਬਿਊਟਿਨ ਗਰਭ ਨਿਰੋਧਕ ਗੋਲ਼ੀਆਂ ਦੀ ਅਸਰਦਾਇਕਤਾ ਘਟਾ ਸਕਦੀ ਹੈ। ਇਹ ਦਵਾਈ ਲੈਂਦੇ ਹੋਏ ਗਰਭ ਨਿਰੋਧ ਦੇ ਹੋਰ ਵਿਕਲਪ (ਰੁਕਾਵਟ ਵਾਲੇ ਜਿਵੇਂ ਕਿ ਕੌਂਡੋਮ, ਡਾਇਫ਼ਰਾਮ) ਦਾ ਇਸਤੇਮਾਲ ਕਰੋ।
ਰਿਫ਼ਾਬਿਊਟਿਨ ਬੰਦ ਕਰਨ ਤੋਂ ਬਾਅਦ ਵੀ ਰੁਕਾਵਟ ਵਾਲੇ ਤਰੀਕੇ 28 ਦਿਨਾਂ ਤੱਕ ਵਰਦੇ ਰਹੋ।
ਮੂੰਹ ਰਾਹੀਂ ਲੈਣ ਵਾਲੇ ਹਾਰਮੋਨ ਨਿਰੋਧਕ ਖਾਲੀ ਦਿਨਾਂ ਦੀ ਥਾਂ ਘਟਾ ਕੇ 4 ਦਿਨ ਕਰ ਦਿਓ।

ਇਹ ਮਹੱਤਵਪੂਰਣ ਹੈ ਕਿ ਤੁਸੀਂ ਡਾਕਟਰ ਵੱਲੋਂ ਕਹੇ ਗਏ ਸਾਰੇ ਲੈਬ ਟੈਸਟ ਕਰਵਾਓ ਅਤੇ ਡਾਕਟਰ ਜਾਂ ਨਰਸ ਨਾਲ ਆਪਣੀਆਂ ਸਾਰੀਆਂ ਅਪੁਆਇੰਟਮੈਂਟਾਂ ਲਈ ਜਾਓ।

ਜੇਕਰ ਤੁਸੀਂ **ਗਰਭਵਤੀ** ਹੋ, ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਆਪਣੇ ਬੱਚੇ ਨੂੰ **ਆਪਣਾ ਦੁੱਧ ਚੁੰਘਾਉਣ** ਦੀ ਇੱਛਾ ਰੱਖਦੇ ਹੋ ਤਾਂ ਇਸ ਬਾਰੇ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।

**ਮੈਨੂੰ ਇਹ ਦਵਾਈ ਕਿੱਥੇ ਰੱਖਣੀ ਚਾਹੀਦੀ ਹੈ? (Where should I store this medication?)**
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ
- ਰੋਸ਼ਨੀ ਤੋਂ ਬਚਾਓ
- ਕੈਪਸੂਲ: ਠੰਡੇ, ਖ਼ੁਸ਼ਕ ਵਾਤਾਵਰਨ ਵਿੱਚ ਕਮਰੇ ਦੇ ਤਾਪਮਾਨ 'ਤੇ ਅਜਿਹੇ ਡੱਬੇ ਵਿੱਚ ਰੱਖੋ ਜਿਸ ਨੂੰ ਕਸ ਕੇ ਬੰਦ ਕੀਤਾ ਜਾ ਸਕੇ।
- ਤਰਲ ਪਦਾਰਥ: ਕਮਰੇ ਦੇ ਤਾਪਮਾਨ ਤੇ ਠੰਡੇ, ਖ਼ੁਸ਼ਕ ਵਾਤਾਵਰਨ ਵਿਚ ਰੱਖੋ। ਵਰਤੋਂ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਹਿਲਾਓ।

**ਜੇ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਮੈਂ ਕਿੱਥੇ ਫ਼ੋਨ ਕਰਾਂ? (Where do I call if I have any other questions?)**
ਆਪਣੇ ਡਾਕਟਰ ਨੂੰ, ਕਲੀਨਿਕ ਵਿਖੇ ਜਾਂ ਪਬਲਿਕ ਹੈਲਥ ਯੂਨਿਟ ਵਿਖੇ: ______________________________

| | |
|---|---|
| ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2692 |
| ਨਿਊ ਵੈਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2698 |
| ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫ਼ਾਰਮੇਸੀ ਸੇਵਾਵਾਂ: | 604-707-2580 |